ਅ.ਸ.ਪੱ.ਨੰ:ਪ੍ਰ.ਸ/ਕਿ.ਕ/-5827/28 3/2013

Rakesh Singh
ਰਾਕੇਸ਼ ਸਿੰਘ

**Chief Secretary to Govt. of Punjab**
Chandigarh - 160 001

**ਮੁੱਖ ਸਕੱਤਰ, ਪੰਜਾਬ ਸਰਕਾਰ**
ਚੰਡੀਗੜ੍ਹ - 160 001

Phone/ਫੋਨ : 0172-2740156, 2740860
Fax/ਫੈਕਸ : 2742488
E mail : cs@punjabmail.gov.in

ਮਿਤੀ, ਚੰਡੀਗੜ੍ਹ:

ਵਿਸ਼ਾ: ਸਿਵਲ ਰਿੱਟ ਪਟੀਸ਼ਨ ਨੰ:11216 ਆਫ 2010- ਸਬ ਡਵੀਜ਼ਨ ਅਫਸਰ ਬਨਾਮ ਪੰਜਾਬ ਸਰਕਾਰ।

ਪਿਆਰੇ ਪ੍ਰਬੰਧਕੀ ਸਕੱਤਰ,

ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ ਕਿਰਤ ਕਮਿਸ਼ਨਰ, ਪੰਜਾਬ ਦੇ ਪੱਤਰ ਨੰ: ਆਈ.ਡੀ./2013/583-789 ਮਿਤੀ 10.01.2013 ਅਤੇ ਆਈ.ਡੀ./2013/2730-2904 ਮਿਤੀ 7.2.2013 ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜਿਸ ਰਾਹੀਂ ਉਹਨਾਂ ਵੱਲੋਂ ਸਮੂਹ ਵਿਭਾਗਾਂ ਦੇ ਮੁੱਖੀ, ਬੋਰਡਾਂ, ਕਾਰਪੋਰੇਸ਼ਨਾਂ ਆਦਿ ਨੂੰ ਲਿਖਿਆ ਗਿਆ ਸੀ ਕਿ ਉਕਤ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਆਦੇਸ਼ ਦਿੱਤੇ ਗਏ ਹਨ ਕਿ ਨਿਮਨ-ਹਸਤਾਖ਼ਰ ਵੱਲੋਂ ਨਿਰਧਾਰਤ ਪ੍ਰੋਫਾਰਮੇ ਵਿੱਚ ਸੂਚਨਾ ਹਲਫਨਾਮੇ ਸਮੇਤ ਦਿੱਤੀ ਜਾਵੇ।

ਖੇਦ ਹੈ ਕਿ ਇਹ ਸੂਚਨਾ ਅਤੇ ਹਲਫੀਆ ਬਿਆਨ ਅਦਾਲਤ ਨੂੰ ਪਿਛਲੀ ਪੇਸ਼ੀ ਮਿਤੀ 27 ਫਰਵਰੀ 2013 ਤੇ ਨਹੀਂ ਦਿੱਤੀ ਜਾ ਸਕੀ ਕਿਉਂਜੋ ਕਈ ਵਿਭਾਗਾਂ/ਦਫ਼ਤਰਾਂ ਨੇ ਸੂਚਨਾ ਨਹੀਂ ਦਿੱਤੀ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਾਰੇ ਵਿਭਾਗ, ਬੋਰਡ, ਕਾਰਪੋਰੇਸ਼ਨਾਂ ਆਦਿ ਤੋਂ ਸੂਚਨਾ ਨਿਰਧਾਰਤ ਪ੍ਰੋਫਾਰਮੇ (ਜੋ ਕਿ ਨੱਥੀ ਹੈ) ਵਿੱਚ ਸੰਕਲਿਤ ਕਰ ਕੇ ਹਾਰਡ ਕਾਪੀ ਅਤੇ ਸਾਫਟ ਕਾਪੀ (ਸੀ.ਡੀ./ਪੈੱਨ ਡਰਾਈਵ ਅਤੇ ਈ-ਮੇਲ dylc.labour@punjab.gov.in) ਰਾਹੀਂ ਸਮੇਤ ਹਲਫੀਆ ਬਿਆਨ ਕਿਰਤ ਕਮਿਸ਼ਨਰ, ਪੰਜਾਬ ਦੇ ਦਫਤਰ ਐਸ.ਸੀ.ਓ. 47-48, ਸੈਕਟਰ 17-ਈ, ਚੰਡੀਗੜ੍ਹ ਵਿਖੇ ਮਿਤੀ 15.4.2013 ਤੱਕ ਹਰ ਹਾਲਤ ਵਿੱਚ ਭੇਜੀ ਜਾਵੇ।

ਇਸ ਬਾਬਤ ਜੇਕਰ ਕੋਈ ਹੋਰ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਕਿਰਤ ਕਮਿਸ਼ਨਰ, ਪੰਜਾਬ ਦੇ ਦਫ਼ਤਰ ਵਿਖੇ ਟੈਲੀਫੋਨ ਨੰਬਰ 0172-2702486 ਤੇ ਸ਼੍ਰੀ ਜੈਕਬ ਪ੍ਰਤਾਪ, ਡਿਪਟੀ ਕਿਰਤ ਕਮਿਸ਼ਨਰ (ਮੋਬਾਇਲ ਨੰ:9855733744 ਜਾਂ ਈ-ਮੇਲ dylc.labour@punjab.gov.in) ਨਾਲ ਸੰਪਰਕ ਕੀਤਾ ਜਾਵੇ। ਆਪ ਵੱਲੋਂ ਦਿੱਤੇ ਹਲਫੀਆ ਬਿਆਨ ਅਤੇ ਸੂਚਨਾ ਦੇ ਆਧਾਰ ਤੇ ਨਿਮਨ ਹਸਤਾਖਰ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਹਲਫੀਆ ਬਿਆਨ ਦਾਇਰ ਕੀਤਾ ਜਾਵੇਗਾ।

ਮੈਂ ਆਸ ਕਰਦਾ ਹਾਂ ਕਿ ਆਪ ਇਹ ਸੂਚਨਾ ਨਿੱਜੀ ਧਿਆਨ ਦਿੰਦੇ ਹੋਏ ਭਿਜਵਾਉਣ ਦੀ ਖੇਚਲ ਕਰੋਗੇ।

ਆਦਰ ਸਹਿਤ,

ਹਿਤੂ,

( ਰਾਕੇਸ਼ ਸਿੰਘ )

ਸ਼੍ਰੀ ____________

ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ,

____________

| Information for past 5 years w.e.f. 01-04-2007 to 31-03-2012 | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| | Regarding CWP No. 11216 of 2010 (Sub Divisional Officer Vs. Satish Kumar and Another) | | | | | | | | | | | | | | | | | | |
| Name of the Department | | | | | | | | | | | | | | | | | | | |
| Name of the person sending report | | | | | | | | | Designation | | | | | | Mobile No. | | | | |
| Sr. No. | Case No. | Written Statement filed | | Exparte | | Concession to the Workman Employee, if any | | Production of complete muster roll/record | | Production of evidence in defence | | Dt. Of award, Whether decided against State, reason thereof | Dt of writ petition in High Court, if any | No. of cases pending | | | Total Amount paid by the Deptt. In compliance of Section 17-B, Industrial Disputes Act, 1947 | Total amount of back wages paid by the Deptt. |
| | | Yes | No | Yes | No | Yes | No | Yes | No | Yes | No | | | Supreme Court | High Court | Industrial Tribunal | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 |
| 1 | | | | | | | | | | | | | | | | | | |
| 2 | | | | | | | | | | | | | | | | | | |
| 3 | | | | | | | | | | | | | | | | | | |
| 4 | | | | | | | | | | | | | | | | | | |
| 5 | | | | | | | | | | | | | | | | | | |
| 6 | | | | | | | | | | | | | | | | | | |
| 7 | | | | | | | | | | | | | | | | | | |
| 8 | | | | | | | | | | | | | | | | | | |
| 9 | | | | | | | | | | | | | | | | | | |
| 10 | | | | | | | | | | | | | | | | | | |
| 11 | | | | | | | | | | | | | | | | | | |
| 12 | | | | | | | | | | | | | | | | | | |
| 13 | | | | | | | | | | | | | | | | | | |
| 14 | | | | | | | | | | | | | | | | | | |
| 15 | | | | | | | | | | | | | | | | | | |
| 16 | | | | | | | | | | | | | | | | | | |
| 17 | | | | | | | | | | | | | | | | | | |
| 18 | | | | | | | | | | | | | | | | | | |
| 19 | | | | | | | | | | | | | | | | | | |
| 20 | | | | | | | | | | | | | | | | | | |